ਵਿਸ਼ਾ – ਪੰਜਾਬੀ

ਜਮਾਤ -ਦਸਵੀਂ

# ਵਾਰਿਸ਼ ਸ਼ਾਹ ( ਵਸਤੂਨਿਸ਼ਠ ਪ੍ਰਸ਼ਨ )

## ਕਿੱਸੇ ਦਾ ਆਰੰਭ

ਪ੍ਰਸ਼ਨ – ਵਾਰਿਸ਼ ਸ਼ਾਹ ਨੇ ਕਿਹੜਾ ਕਿੱਸਾ ਲਿਖਿਆ ?

ਉੱਤਰ – ਹੀਰ – ਰਾਂਝਾ ।

ਪ੍ਰਸ਼ਨ – ਵਾਰਿਸ਼ ਸ਼ਾਹ ਨੇ ਕਿੱਸੇ ਵਿੱਚ ਕਿਸਦੀ ਪ੍ਰੀਤ ਕਹਾਣੀ ਨੂੰ ਬਿਆਨ ਕੀਤਾ ਹੈ?

ਉੱਤਰ – ਹੀਰ – ਰਾਂਝੇ ਦੀ ।

ਪ੍ਰਸ਼ਨ – ਛੈਲ, ਅਲਬੇਲੇ ਗੱਭਰੂ ਕਿੱਥੇ ਵਸਦੇ ਸਨ ?

ਉੱਤਰ – ਤਖ਼ਤ ਹਜ਼ਾਰੇ ਵਿੱਚ ।

ਪ੍ਰਸ਼ਨ – ਤਖ਼ਤ ਹਜ਼ਾਰਾ ਕਿਹੋ ਜਿਹਾ ਪਿੰਡ ਸੀ ?

ਉੱਤਰ – ਧਰਤੀ ਦਾ ਬਹਿਸ਼ਤ ।

## ਜਮੀਨ ਦਾ ਵਟਵਾਰਾ

ਪ੍ਰਸ਼ਨ – ਭਰਾਵਾਂ ਨੇ ਰਾਂਝੇ ਨੂੰ ਕਿਹੋ ਜਿਹੀ ਜ਼ਮੀਨ ਦਿੱਤੀ ?

ਉੱਤਰ – ਬੰਜਰ ।

ਪ੍ਰਸ਼ਨ – ਕਿਸਦੀ ਜ਼ਮੀਨ ਦਾ ਵਟਵਾਰਾ ਹੋਇਆ ?

ਉੱਤਰ – ਰਾਂਝੇ ਦੇ ਬਾਪ ਦਾ ।

ਪ੍ਰਸ਼ਨ – ਕੌਣ ਕੱਛਾਂ ਮਾਰਕੇ ਰਾਂਝੇ ਨੂੰ ਮਜ਼ਾਕ ਕਰਦੇ ਸਨ ?

ਉੱਤਰ – ਸ਼ਰੀਕ ।

ਪ੍ਰਸ਼ਨ – ਭਾਬੀਆਂ ਰਾਂਝੇ ਨਾਲ ਹਰ ਰੋਜ਼ ਕਿਹੋ ਜਿਹਾ ਸਲੂਕ ਕਰਦੀਆਂ ਸਨ ?

ਉੱਤਰ – ਬਦਨਾਮੀ ਵਾਲਾ ।

ਪ੍ਰਸ਼ਨ – ਭਰਾਵਾਂ ਨੇ ਕਿਸਨੂੰ ਸੱਦ ਕੇ ਜ਼ਮੀਨ ਦੀ ਮਿਣਤੀ ਕਰਵਾਈ ?

ਉੱਤਰ – ਕਾਜ਼ੀ ਤੇ ਪੈਂਚ ( ਪੰਚ )

## ਰਾਂਝੇ ਦਾ ਮਸੀਤ ਵਿੱਚ ਜਾਣਾ

ਪ੍ਰਸ਼ਨ – ਰਾਂਝੇ ਨੂੰ ਤਖ਼ਤ ਹਜ਼ਾਰਾ ਛੱਡਣ ਤੋਂ ਰੋਕਣ ਲਈ ਕਿਨ੍ਹਾਂ ਨੇ ਵਾਹ ਲਾਈ ?

ਉੱਤਰ – ਭਰਾਵਾਂ- ਭਾਬੀਆਂ ਨੇ ।

ਪ੍ਰਸ਼ਨ – ਰਾਂਝਾ ਤਖ਼ਤ ਹਜ਼ਾਰੇ ਤੋਂ ਚੱਲ ਕੇ ਰਾਤੀਂ ਕਿੱਥੇ ਪੁੱਜਾ ?

ਉੱਤਰ – ਮਸੀਤ ਵਿੱਚ ।

ਪ੍ਰਸ਼ਨ – ਰਾਂਝਾ ਅੱਧੀ ਰਾਤ ਨੂੰ ਮਸੀਤ ਵਿੱਚ ਕੀ ਵਜਾਉਣ ਲੱਗਾ ?

ਉੱਤਰ – ਵੰਝਲੀ ।

ਪ੍ਰਸ਼ਨ – ਵਾਰਿਸ਼ ਸ਼ਾਹ ਮੁਲਾਂ ਦੇ ਚਰਿੱਤਰ ਬਾਰੇ ਕਹਿੰਦੇ ਸ਼ਬਦ ਵਰਤਦਾ ਹੈ ?

ਉੱਤਰ – ਝਗੜਿਆਂ ਦੀ ਪੰਡ ।

## ਰਾਂਝੇ ਉੱਤੇ ਹੀਰ ਦਾ ਮੋਹਿਤ ਹੋਣਾ

ਪ੍ਰਸ਼ਨ – ਵਾਰਿਸ਼ ਸ਼ਾਹ ਨੇ ਪਰੀ ਕਿਸਨੂੰ ਕਿਹਾ ਹੈ ?

ਉੱਤਰ – ਹੀਰ ਨੂੰ ।

ਪ੍ਰਸ਼ਨ – ਕੌਣ ਛਮਕਾਂ ਪਕੜ ਕੇ ਮਾਰੋ-ਮਾਰੋ ਕੂਕ ਰਹੀ ਸੀ ?

ਉੱਤਰ – ਹੀਰ ।

ਪ੍ਰਸ਼ਨ – ਰਾਂਝੇ ਨੇ ਹੀਰ ਨੂੰ ਦੇਖਦਿਆਂ ਕੀ ਕਿਹਾ ?

ਉੱਤਰ – ਵਾਹ ਸੱਜਣ ।

ਪ੍ਰਸ਼ਨ – ਰਾਂਝੇ ਦੇ ਕੰਨਾਂ ਵਿੱਚ ਕੀ ਪਾਇਆ ਹੋਇਆ ਸੀ ?

ਉੱਤਰ – ਵਾਲ਼ੇ ।

ਪ੍ਰਸ਼ਨ – ਕਿਸ ਦੇ ਮੁਖੜੇ ਉੱਤੇ ਜ਼ੁਲਫ਼ ਪਰੇਸ਼ਾਨ ਹੋ ਗਈ ?

ਉੱਤਰ – ਹੀਰ ਦੇ ।

ਪ੍ਰਸ਼ਨ – ਤੈਮੂਸ ਦੀ ਬੇਟੀ ਕੌਣ ਸੀ ?

ਉੱਤਰ – ਜ਼ੁਲੈਖਾਂ ।

## ਹੀਰ ਦਾ ਸਿਦਕ

ਪ੍ਰਸ਼ਨ – ਹੀਰ ਕਿਸ ਦੇ ਵਿਛੋੜੇ ਵਿੱਚ ਤੜਫ਼ ਰਹੀ ਸੀ ?

ਉੱਤਰ – ਰਾਂਝੇ ਦੇ ।

ਪ੍ਰਸ਼ਨ – ਹੀਰ ਦੇ ਦਿਲ ਦਾ ਰੋਗ ਕੀ ਸੀ ?

ਉੱਤਰ – ਰਾਂਝੇ ਦਾ ਵਿਛੋੜਾ।

ਪ੍ਰਸ਼ਨ – ਹੀਰ ਕਿਸ ਤੋਂ ਚਿਰਾਂ ਤੋਂ ਵਿੱਛਦੀ ਹੋਈ ਸੀ ?

ਉੱਤਰ – ਰਾਂਝੇ ਤੋਂ।

ਪ੍ਰਸ਼ਨ – ਜੋਗੀ ਕੌਣ ਸੀ ?

ਉੱਤਰ – ਰਾਂਝਾ।

## ਕਿੱਸੇ ਦੀ ਸਮਾਪਤੀ

ਪ੍ਰਸ਼ਨ – ਵਾਰਿਸ਼ ਸ਼ਾਹ ਨੇ ਕਿੱਸਾ ਕਿਸਦੀ ਮਿਹਰ ਨਾਲ ਸਮਾਪਤ ਕੀਤਾ ?

ਉੱਤਰ – ਰੱਬ ਦੀ।

ਪ੍ਰਸ਼ਨ – ਵਾਰਿਸ਼ ਸ਼ਾਹ ਨੂੰ ਕਿੱਸਾ ਲਿਖਣ ਦੀ ਫ਼ਰਮਾਇਸ਼ ਕਿਸ ਨੇ ਕੀਤੀ ?

ਉੱਤਰ – ਯਾਰਾਂ ਨੇ।

ਪ੍ਰਸ਼ਨ – ਵਾਰਿਸ਼ ਸ਼ਾਹ ਨੇ ਪੂਰਾ ਦਿਮਾਗ਼ ਲਾ ਕੇ ਕੀ ਲਿਖਿਆ ਹੈ ?

ਉੱਤਰ – ਕਿੱਸੇ ਦੇ ਸ਼ੇਅਰ।

ਪ੍ਰਸ਼ਨ – ਵਾਰਿਸ਼ ਸ਼ਾਹ ਨੂੰ ਕਿੱਸੇ ਦੇ ਸ਼ੇਅਰ ਕਿਹੋ ਜਿਹੇ ਪ੍ਰਤੀਤ ਹੁੰਦੇ ਹਨ ?

ਉੱਤਰ – ਮੋਤੀਆਂ ਦੀ ਲੜੀ।

ਪ੍ਰਸ਼ਨ – ਵਾਰਿਸ਼ ਸ਼ਾਹ ਨੂੰ ਕਿਸ ਦੀ ਇੱਛਾ ਸੀ ?

ਉੱਤਰ – ਪਿਆਰੇ ਦੇ ਮਿਲਾਪ ਦੀ।

**ਪ੍ਰਸ਼ਨ – ਵਾਰਿਸ਼ ਸ਼ਾਹ ਕਿਸ ਕਾਵਿ ਧਾਰਾ ਦਾ ਕਵੀ ਸੀ ?**

**ਉੱਤਰ – ਕਿੱਸਾ ਕਾਵਿ ਧਾਰਾ ।**

**ਪ੍ਰਸ਼ਨ – ਵਾਰਿਸ਼ ਸ਼ਾਹ ਨੇ ਹੀਰ- ਰਾਂਝੇ ਦਾ ਕਿੱਸਾ ਕਦੋਂ ਸੰਪੂਰਨ ਕੀਤਾ ?**

**ਉੱਤਰ – 1766 ਈ :  ।**

**ਪ੍ਰਸ਼ਨ – ਪੰਜਾਬੀ ਕਿੱਸਾ ਕਾਵਿ ਦੀ ਸ਼ਾਹਕਾਰ ਰਚਨਾ ਕਿਹੜੀ ਹੈ ?**

**ਉੱਤਰ – ਹੀਰ ( ਵਾਰਿਸ਼ ਸ਼ਾਹ ) ।**



ਤਿਆਰ ਕਰਤਾ : -

ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ )

ਮੋਬਾਇਲ – 75087-27529.

ਸਰਕਾਰੀ ਸੀਨਿਅਰ ਸੈਕੰਡਰੀ ਸਮਾਰਟ ਸਕੂਲ, ਪੰ. ਰਣ ਸਿੰਘ ।